# ਬਹਾਦਰ ਸ਼ਾਹ ਜ਼ਫ਼ਰ ਦੇ ਫ਼ਰਮਾਨ

ਤੇ ਇਸ ਮਕਸਦ ਲਈ ਹੀ ਬਹਾਦਰ ਸ਼ਾਹ ਜ਼ਫ਼ਰ ਨੇ ਹੋਰ ਦੇਸ਼ ਭਗਤਾਂ ਨਾਲ ਰਲਕੇ ਹਿੰਦੋਸਤਾਨ ਦੀ ਸਰਜ਼ਮੀਨ ਵਿਚੋਂ ਅੰਗਰੇਜ਼ਾਂ ਦਾ ਬੋਰੀਆ ਬਿਸਤਰਾ ਗੋਲ ਕਰਨ ਲਈ ਤਿਆਰੀ ਕਰਨੀ ਸ਼ੁਰੂ ਕੀਤੀ। ਉਸਨੇ ਹੋਰ ਰਾਜਿਆਂ, ਮਹਾਂਰਾਜਿਆਂ, ਸਰਦਾਰਾਂ ਅਤੇ ਜਗੀਰਦਾਰਾਂ ਵੱਲ ਆਪਣੇ ਸਫ਼ੀਰ ਭੇਜੇ। ਉਸਨੇ ਅਫ਼ਗਾਨਿਸਤਾਨ ਅਤੇ ਪਰਸ਼ੀਆ ਵਿਚ ਵੀ ਆਪਣੇ ਏਲਚੀ ਗੱਲਬਾਤ ਲਈ ਘੱਲੇ। ਹਿੰਦੋਸਤਾਨ ਦੇ ਲੋਕਾਂ ਨੂੰ ਉਠਾਉਣ ਲਈ ਉਹਨੇ ਕਈ ਅਖ਼ਬਾਰਾਂ ਦੀ ਐਡੀਟਰੀ ਕੀਤੀ ਅਤੇ ਆਪਣੀ ਕਲਮ ਅਤੇ ਸ਼ਾਇਰੀ ਦਾ ਜ਼ੋਰ ਹਿੰਦੋਸਤਾਨੀ ਲੋਕਾਂ ਨੂੰ ਅੰਗਰੇਜ਼ੀ ਰਾਜ ਦੇ ਖ਼ਿਲਾਫ਼ ਖੜੇ ਕਰਨ ਲਈ ਵਰਤਿਆ। ਉਸਨੇ ਹਿੰਦੋਸਤਾਨੀ ਸ਼ਹਿਜ਼ਾਦਿਆਂ ਵੱਲ ਇਹ ਪੈਗਾਮ ਲਿਖਿਆਃ

"ਮੇਰੀ ਦਿਲੀ ਖ਼ਾਹਿਸ਼ ਹੈ ਕਿ ਬਰਤਾਨਵੀਆਂ ਨੂੰ ਹਿੰਦੋਸਤਾਨ ਵਿਚੋਂ ਬਾਹਰ ਕੱਢਿਆ ਜਾਵੇ। ਮੇਰੀ ਬੜੀ ਜ਼ਬਰਦਸਤ ਤਮੰਨਾਂ ਹੈ ਕਿ ਹਿੰਦੋਸਤਾਨ ਆਜ਼ਾਦੀ ਹਾਸਲ ਕਰੇ। ਬਰਤਾਨਵੀਆਂ ਨੂੰ ਬਾਹਰ ਕੱਢ ਕੇ ਹਿੰਦੋਸਤਾਨ ਦੇ ਤਖ਼ਤ ਨੂੰ ਆਪ ਸੰਭਾਲਣ ਦੀ ਮੈਨੂੰ ਕੋਈ ਚਾਹ ਨਹੀਂ। ਜੇ ਤੁਸੀਂ ਸਾਰੇ ਸ਼ਾਹਜ਼ਾਦੇ ਸਾਂਝੇ ਦੁਸ਼ਮਣ (ਅੰਗਰੇਜ਼) ਨੂੰ ਹਿੰਦੋਸਤਾਨ ਵਿਚੋਂ ਕੱਢਣ ਲਈ ਆਪਸ ਵਿਚ ਏਕਾ ਕਰ ਲਵੋ ਤਾਂ ਮੈਂ ਆਪਣੇ ਸਾਰੇ ਸ਼ਾਹੀ ਅਧਿਕਾਰ ਛੱਡਣ ਤੇ ਤੁਹਾਡੇ ਵਿਚੋਂ ਕਿਸੇ ਨੂੰ ਵੀ ਸੌਂਪਣ ਲਈ ਤਿਆਰ ਹਾਂ।"



੧੨ ਮਈ ੧੮੫੭ ਨੂੰ ਬਹਾਦਰਸ਼ਾਹ ਜ਼ਫ਼ਰ ਨੇ ਆਪਣੇ ਸ਼ਾਹੀ ਫ਼ਰਮਾਨ ਵਿਚ ਹਿੰਦੋਸਤਾਨ ਦੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਇਹ ਗੱਲ ਕਹੀਃ

"ਇਸ ਵੇਲੇ ਲੋਕਾਂ ਪ੍ਰਤੀ ਆਪਣੇ ਫ਼ਰਜ਼ ਨੂੰ ਮੱਦੇਨਜ਼ਰ ਰੱਖਦੇ ਹੋਏ ਮੈਂ ਆਪਣੇ ਲੋਕਾਂ ਦੇ ਨਾਲ ਖੜ੍ਹੇ ਹੋਣ ਦਾ ਫੈਸਲਾ ਕੀਤਾ ਹੈ। ਇਸ ਨਾਜ਼ੁਕ ਵਕਤ ਜੋ ਕੋਈ ਵੀ ਬੁਜ਼ਦਿਲੀ ਵਿਖਾਲੇਗਾ ਜਾਂ ਮੱਕਾਰ ਅੰਗਰੇਜ਼ਾਂ ਦੇ ਵਾਅਦਿਆਂ ਤੇ ਯਕੀਨ ਕਰਦਾ ਹੋਇਆ ਅਣਭੋਲ ਹੀ ਇਨ੍ਹਾਂ ਦੀ ਇਮਦਾਦ ਕਰੇਗਾ, ਬੜੀ ਜਲਦੀ ਉਹਦੀਆਂ ਅੱਖਾਂ ਖੁਲ੍ਹ ਜਾਣਗੀਆਂ ਤੇ ਸੁਪਨੇ ਚੂਰ ਚੂਰ ਹੋ ਜਾਣਗੇ। ਉਹਨੂੰ ਯਾਦ ਰੱਖਣਾਂ ਚਾਹੀਦਾ ਹੈ ਕਿ ਅੰਗਰੇਜ਼ ਉਹਦੀ ਵਫ਼ਾਦਾਰੀ ਦੀ ਕੀਮਤ ਉਸ ਤਰੀਕੇ ਨਾਲ ਹੀ ਚੁਕਾਉਣਗੇ ਜਿਵੇਂ ਇਨ੍ਹਾਂ ਅਵਧ ਦੇ ਹਾਕਮਾਂ ਨੂੰ ਚੁਕਾਈ ਸੀ। ਹਿੰਦੂਆਂ ਅਤੇ ਮੁਸਲਮਾਨਾਂ ਦਾ ਇਹ ਪੱਕਾ ਫ਼ਰਜ਼ ਹੈ ਕਿ ਅੰਗਰੇਜ਼ਾਂ ਦੇ ਖ਼ਿਲਾਫ਼ ਬਗ਼ਾਵਤ ਵਿਚ ਕੁਦ ਪੈਣ। ਉਨ੍ਹਾਂ ਨੂੰ ਆਪਣੇ ਸ਼ਹਿਰਾਂ-ਕਸਬਿਆਂ ਦੇ ਆਗੂਆਂ ਦੀ ਗੱਲ ਸੁਣਨੀ ਚਾਹੀਦੀ ਹੈ ਤੇ ਮੁਲਕ ਵਿਚ ਅਮਨ-ਅਮਾਨ ਕਰਨ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਾਰੇ ਲੋਕਾਂ ਦੀ ਇਹ ਇਕ ਪਾਬੰਦ ਜ਼ੁੰਮੇਵਾਰੀ ਹੈ ਕਿ ਇਸ ਫ਼ਰਮਾਨ ਦੀਆਂ ਜਿੰਨੀਆਂ ਜ਼ਿਆਦਾ ਨਕਲਾਂ ਕਰ ਸਕਦੇ ਹਨ ਕਰਨ ਤੇ ਸਾਰੇ ਸ਼ਹਿਰਾਂ ਤੇ ਕਸਬਿਆਂ ਦੇ ਅਹਿਮ ਥਾਵਾਂ ਤੇ ਲਾਉਣ। ਪਰ ਇਹ ਕੰਮ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਖ਼ੁਦ ਹਥਿਆਰਬੰਦ ਹੋ ਕੇ ਅੰਗਰੇਜ਼ਾਂ ਦੇ ਖ਼ਿਲਾਫ਼ ਐਲਾਨੇ-ਜੰਗ ਕਰ ਦੇਣਾਂ ਚਾਹੀਦਾ ਹੈ।"

ਇਕ ਹੋਰ ਸ਼ਾਹੀ ਫ਼ਰਮਾਨ ਵਿਚ ਉਹਨੇ ਲੋਕਾਂ ਨੂੰ ਅੰਗਰੇਜ਼ਾਂ ਦੀਆਂ ਫੁਟ ਪਾਉ ਚਾਲਾਂ ਤੋ ਹੋਸ਼ਿਆਰ ਰਹਿਣ ਲਈ ਸਾਵਧਾਨ ਕੀਤਾ "...ਅੰਗਰੇਜ਼ਾਂ ਨੇ ਹਿੰਦੂਆਂ ਨੂੰ ਮੁਸਲਮਾਨਾਂ ਦੇ ਖ਼ਿਲਾਫ਼ ਅਤੇ ਮੁਲਸਮਾਨਾਂ ਨੂੰ ਹਿੰਦੂਆਂ ਦੇ ਖ਼ਿਲਾਫ਼ ਖੜ੍ਹੇ ਕਰਨ ਦੀਆਂ ਕੋਸ਼ਿਸ਼ਾਂ ਕਰਨੀਆਂ ਹਨ। ਜੋ ਮਰਜ਼ੀ ਕਹੀ ਜਾਣ, ਉਨ੍ਹਾਂ ਦੀ ਕਿਸੇ ਗੱਲ ਤੇ ਇਤਬਾਰ ਨਾ ਕਰੋ ਤੇ ਉਨ੍ਹਾਂ ਨੂੰ ਮੁਲਕ ਵਿਚੋਂ ਬਾਹਰ ਭਜਾਓ।"

ਜ਼ਿਮੀਦਾਰਾਂ, ਸਿਪਾਹੀਆਂ ਅਤੇ ਕਸਬੀ ਲੋਕਾਂ ਦੇ ਨਾਮ ਇਕ ਹੋਰ ਫ਼ਰਮਾਨ ਵਿਚ ਉਹਨੇ ਕਿਹਾ, " ਇਹ ਪ੍ਰਤੱਖ ਹੈ ਕਿ ਬਰਤਾਨਵੀ ਸਰਕਾਰ ਨੇ ਜ਼ਿਮੀਦਾਰੀ ਬੰਦੋਬਸਤ ਰਾਹੀਂ ਕਰੜੇ ਤਵਾਨ ਜ਼ਿਮੀਦਾਰਾਂ ਸਿਰ ਪਾ ਦਿਤੇ ਹਨ। ਭਾਰੀ ਕਿਰਾਏ ਤੇ ਤਵਾਨ ਅਦਾ ਨਾ ਕਰਨ ਦੀ ਸੂਰਤ ਵਿਚ ਕਈ ਜ਼ਿਮੀਦਾਰਾਂ ਦੀਆਂ ਜ਼ਮੀਨਾਂ ਨੀਲਾਮ ਕਰਕੇ ਉਨ੍ਹਾਂ ਦੀ ਬੜੀ ਹੱਤਕ ਅਤੇ ਬਰਬਾਦੀ ਕੀਤੀ ਹੈ। ਬੜੇ ਬੜੇ ਇਜ਼ਤਦਾਰ ਜ਼ਿਮੀਦਾਰਾਂ ਦੀਆਂ ਗਰਿਫ਼ਤਾਰੀਆਂ ਕਰਕੇ ਉਨ੍ਹਾਂ ਨੂੰ ਅਦਾਲਤਾਂ ਵਿਚ ਘੜੀਸਿਆ ਹੈ ਤੇ ਜੇਲ੍ਹਾਂ ਵਿਚ ਭੇਜ ਕੇ ਉਨ੍ਹਾਂ ਦੀ ਬੜੀ ਭਾਰੀ ਬੇਇਜ਼ਤ ਕੀਤੀ ਗਈ ਹੈ। ਜ਼ਿਮੀਦਾਰੀ ਦੇ ਮੁਆਮਲਿਆਂ ਵਿਚ ਦੀਵਾਨੀ ਮੁਕੱਦਮੇ ਲੜਨ ਲਈ ਅਸ਼ਟਾਮਾਂ ਦੇ ਅਤਿਅੰਤ ਮਹਿੰਗੇ ਖ਼ਰਚ ਅਤੇ ਹੋਰ ਹੇਰਾਫ਼ੇਰੀਆਂ ਰਾਹੀਂ ਅਦਾਲਤਾਂ ਵਿਚ ਸਾਲਾਂ ਬੱਧੀ ਮੁਕੱਦਮੇ ਲਟਕਾਈ ਰੱਖਣ ਦੇ ਢੰਗ ਤਰੀਕੇ ਦੀਵਾਨੀ ਮੁਕੱਦਮਾ ਕਰਨ ਵਾਲਿਆਂ ਨੂੰ ਕੰਗਾਲ ਬਣਾਉਣ ਲਈ ਲਾਗੂ ਕੀਤੇ ਗਏ ਹਨ। ਇਸਦੇ ਇਲਾਵਾ ਜ਼ਿਮੀਦਾਰਾਂ ਦੇ ਖ਼ਜ਼ਾਨਿਆਂ ਨੂੰ ਸਕੂਲਾਂ, ਹਸਪਤਾਲਾਂ ਅਤੇ ਸੜਕਾਂ ਲਈ ਸਲਾਨਾਂ ਟੈਕਸ ਤਾਰਨ ਲਈ ਵੀ ਮਜਬੂਰ ਕੀਤਾ ਗਿਆ ਹੈ। ਬਾਦਸ਼ਾਹੀ ਹਕੂਮਤ ਅਧੀਨ ਇਸ ਤਰ੍ਹਾਂ ਦੀ ਨੰਗੀ ਲੁਟ ਕਦੇ ਨਹੀਂ ਕੀਤੀ ਜਾ ਸਕੇਗੀ, ਸਗੋਂ ਜ਼ਿਮੀਦਾਰਾਂ ਤੇ ਲਾਏ ਗਏ ਕਰ ਹਲਕੇ ਹੋਣਗੇ ਤੇ ਜ਼ਿਮੀਦਾਰਾਂ ਦੀ ਇਜ਼ਤ-ਆਬਰੂ ਬਿਲਕੁਲ ਮਹਿਫ਼ੂਜ਼ ਹੋਵੇਗੀ..।"

ਫ਼ੌਜੀਆਂ ਦੇ ਨਾਮ ਫ਼ਰਮਾਨ ਵਿਚ ਇਹ ਗੱਲ ਦਰਜ ਸੀ, " ਹਿੰਦੋਸਤਾਨੀ ਫ਼ੌਜ ਵਿਚ ਤਕਰੀਬਨ ਜ਼ਿੰਦਗੀ ਭਰ ਨੌਕਰੀ ਕਰਨ ਪਿਛੋਂ ਸੂਬੇਦਾਰ ਦੇ ਅਹੁਦੇ ਤੇ ਅੱਪੜੇ ਹੋਏ ਨੂੰ ੬੦-੭੦ ਰੁਪਏ ਦੀ ਮਨਸਤ ਮਿਲਦੀ ਹੈ ਤੇ ਜੋ ਸਿਵਲ ਸਰਵਿਸ ਵਿਚ ਨੌਕਰੀ ਕਰਦੇ ਹਨ ਉਹ ਸਦਰ-ਏ-ਆਲ੍ਹਾ ਦਾ ਰੁਤਬਾ ਹਾਸਲ ਕਰਦੇ ਤੇ ਉਨ੍ਹਾਂ ਨੂੰ ਜਗੀਰ ਜਾਂ ਨਜ਼ਰਾਨਾਂ ਮਿਲਦਾ ਹੈ। ਬਰਤਾਨਵੀਆਂ ਦੇ ਰਾਜ ਹੇਠ ਕਰਨਲ, ਜਨਰਲ ਅਤੇ ਕਮਾਂਡਰ-ਇਨ-ਚੀਫ਼ ਦੇ ਅਹੁਦੇ ਸਿਰਫ਼ ਅੰਗਰੇਜ਼ਾਂ ਨੂੰ ਹੀ ਮਿਲਦੇ ਹਨ। ਪਰ ਬਾਦਸ਼ਾਹੀ ਰਾਜ ਹੇਠ ਫ਼ੌਜੀ ਸਰਵਿਸ ਵਿਚ ਪੰਜਸਦੀ, ਪੰਜ-ਹਜ਼ਾਰੀ, ਸੱਤ-ਹਜ਼ਾਰੀ, ਅਤੇ ਸਿਪਾਹ-ਸਲਾਰ ਦੇ ਅਹੁਦੇ ਹਿੰਦੋਸਤਾਨੀਆਂ ਨੂੰ ਮਿਲਣਗੇ। ਬਰਤਾਨਵੀਆਂ ਦੀ ਸਿਵਲ ਸਰਵਿਸ ਵਿਚ ਕੁਲੈਕਟਰ, ਮਜਿਸਟਰੇਟ, ਜੱਜ, ਸਦਰ ਜੱਜ, ਸੂਕਟਰੀ ਅਤੇ ਗਵਰਨਰ ਦੇ ਅਹੁਦੇ ਜੋ ਸਿਰਫ਼ ਅੰਗਰੇਜ਼ਾਂ ਲਈ ਹਨ, ਬਾਦਸ਼ਾਹੀ ਰਾਜ ਵਿਚ ਇਨ੍ਹਾਂ ਅਹੁਦਿਆਂ ਵਰਗੇ ਵਜ਼ੀਰ, ਕਾਜ਼ੀ, ਸਫ਼ੀਰ, ਸੂਬਾ, ਨਿਜ਼ਾਮ ਅਤੇ ਦੀਵਾਨ ਆਦਿ ਦੇ ਅਹੁਦੇ ਹਿੰਦੋਸਤਾਨ ਨੂੰ ਮਿਲਣਗੇ ਤੇ ਹਿੰਦੋਸਤਾਨੀ ਸਿਵਲ ਸਰਵਿਸ ਵਿਚਲਿਆਂ ਸਾਰਿਆਂ ਹਿੰਦੋਸਤਾਨੀਆਂ ਨੂੰ ਰਲਾਕੇ ਲੱਖਾਂ ਹੀ ਰੁਪਏ ਮਿਲਿਆ ਕਰਨਗੇ।"

ਫ਼ੇਰ ਵਪਾਰੀਆਂ ਅਤੇ ਕਸਬੀਆਂ ਨੂੰ ਸੰਬੋਧਨ ਕਰਦਾ ਹੋਇਆ ਸ਼ਾਹੀ ਫ਼ਰਮਾਨ ਕਹਿੰਦਾ ਹੈ, "ਇਹ ਪ੍ਰਤੱਖ ਹੈ ਕਿ ਯੋਰਪੀਅਨਾਂ ਨੇ ਹਿੰਦੋਸਤਾਨ ਵਿਚ ਅੰਗਰੇਜ਼ੀ ਚੀਜ਼ਾਂ ਚਲਾਕੇ ਇਥੋਂ ਦੇ ਜੁਲਾਹਿਆਂ, ਖ਼ੱਦਰ ਤਿਆਰ ਕਰਨ ਵਾਲਿਆਂ, ਤਰਖਾਣਾਂ, ਲੁਹਾਰਾਂ, ਮੋਚੀਆਂ ਆਦਿ ਨੂੰ ਬੇਰੁਜ਼ਗਾਰ ਕਰ ਦਿਤਾ ਹੈ ਤੇ ਉਨ੍ਹਾਂ ਦੇ ਕਿਤੇ ਤਬਾਹ ਕਰ ਦਿਤੇ ਹਨ ਤੇ ਇਥੇ ਦੇ ਸਾਰੇ ਕਸਬੀਆਂ ਨੂੰ ਮੰਗਤੇ ਬਣਾ ਦਿਤਾ ਹੈ। ਲੇਕਿਨ ਬਾਦਸ਼ਾਹੀ ਰਾਜ ਹੇਠ,

ਸਾਰੇ ਜੱਦੀ-ਪੁਸ਼ਤੀ ਹਿੰਦੋਸਤਾਨੀ ਕਾਰੀਗਰ ਸਿਰਫ਼ ਬਾਦਸ਼ਾਹ, ਅਮੀਰਾਂ ਅਤੇ ਰਾਜਿਆਂ ਦੀ ਨੌਕਰੀ ਵਿਚ ਕੰਮ ਕਰਨਗੇ ਤੇ ਲਾਜ਼ਮੀ ਤੌਰ ਤੇ ਖ਼ੁਸ਼ਹਾਲ ਹੋਣਗੇ।"

ਬਹਾਦਰ ਸ਼ਾਹ ਜ਼ਫ਼ਰ ਉਤੇ ਚਲਾਏ ਗਏ ਮੁਕੱਦਮੇ ਦੌਰਾਨ ਇਸ ਫਰਮਾਨ ਮੁਤੱਲਿਕ ਅੰਗਰੇਜ਼ ਕਹਿੰਦੇ ਸਨ ਕਿ `ਇਸ ਫਰਮਾਨ ਨੇ ਬਗ਼ਾਵਤ ਦੀ ਤਾਰੀਖ਼ ਵਿਚ ਬਹੁਤ ਜ਼ਿਆਦਾ ਹਿਸਾ` ਪਾਇਆ ਸੀ।

ਇਸ ਫ਼ਰਮਾਨ ਵਿਚ ਉਸਨੇ ਉਸ ਵੇਲੇ ਦੇ ਹਿੰਦੋਸਤਾਨੀ ਸਮਾਜ ਦੇ ਸਾਰੇ ਹਿਸਿਆਂ ਮੋਹਰੇ ਬਰਤਾਨਵੀ ਰਾਜ ਕਰਕੇ ਖੜੀਆਂ ਸਮੱਸਿਆਵਾਂ ਦੀ ਗੱਲ ਕੀਤੀ, ਅਤੇ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਸੁਝਾਅ ਅਤੇ ਤਰੀਕੇ ਵੀ ਦੱਸੇ। ਉਹਦਾ ਵਿਸ਼ਵਾਸ ਸੀ ਕਿ ਹਿੰਦੋਸਤਾਨੀ ਲੋਕਾਂ ਦੇ ਕਿਸੇ ਵੀ ਮਸਲੇ ਨੂੰ ਹੱਲ ਕਰਨ ਲਈ ਸੱਭ ਤੋਂ ਪਹਿਲਾਂ ਅੰਗਰੇਜ਼ਾਂ ਨੂੰ ਹਿੰਦੋਸਤਾਨ ਵਿਚੋਂ ਬਾਹਰ ਕੱਢਣਾਂ ਪੈਣਾਂ ਹੈ, ਅਤੇ ਫੇਰ ਇਸਦੇ ਬਾਅਦ, ਹਿੰਦੋਸਤਾਨੀ ਆਪਣਾਂ ਰਾਜ ਬਣਾਕੇ ਆਪ ਫੈਸਲੇ ਕਰਨਗੇ। ਉਸਦਾ ਵਿਚਾਰ ਸੀ ਕਿ ਹਿੰਦੋਸਤਾਨ ਨੂੰ, ਹਿੰਦੋਸਤਾਨੀ ਲੋਕਾਂ ਨੂੰ, ਫ਼ਿਰੰਗੀ ਦੀ ਕੈਦ ਵਿਚੋਂ ਨਿਜਾਤ ਦੁਆਣਾਂ ਸੱਭ ਤੋਂ ਅਹਿਮ ਮਸਲਾ ਸੀ। ਜਦ ਤੱਕ ਹਿੰਦੋਸਤਾਨੀ ਇਹ ਮਸਲਾ ਹੱਲ ਨਹੀਂ ਕਰਦੇ, ਹੋਰ ਕੋਈ ਮਸਲਾ ਵੀ ਹੱਲ ਨਹੀਂ ਕਰ ਸਕਦੇ। ਤੇ ਉਹਦਾ ਖ਼ਿਆਲ ਇਹ ਸੀ ਕਿ ਇਹ ਨਿਸ਼ਾਨਾ ਹਾਸਲ ਕਰਨ ਲਈ ਸਾਰੇ ਹਿੰਦੋਸਤਾਨੀਆਂ ਨੂੰ ਇਕਮੁੱਠ ਹੋਕੇ ਸੰਘਰਸ਼ ਕਰਨ ਦੀ ਲੋੜ ਸੀ।